STATE OF WASHINGTON
DEPARTMENT OF SOCIAL AND HEALTH SERVICES
DIVISION OF CHILD SUPPORT (DCS)

# ਗੈਰ-ਨਿਗਰਾਨ ਮਾਤਾ/ਪਿਤਾ ਦੇ ਹੱਕ ਅਤੇ ਜ਼ਿੰਮੇਵਾਰੀਆਂ

## Noncustodial Parent's Rights and Responsibilities

**ਚਾਈਲਡ ਸੱਪੋਰਟ ਡਿਵੀਜ਼ਨ** (DCS):

1. ਚਾਈਲਡ ਸੱਪੋਰਟ ਦੇ ਹੁਕਮ ਅਤੇ ਮੈਡੀਕਲ ਸੱਪੋਰਟ ਦੀਆਂ ਜ਼ਿੰਮੇਵਾਰੀਆਂ ਨਿਰਧਾਰਤ ਕਰਦਾ ਹੈ ਅਤੇ ਉਹਨਾਂ ਦੀ ਪਾਲਣਾ ਕਰਵਾਉਂਦਾ ਹੈ।
2. ਸੰਭਾਵਿਤ ਸੋਧਾਂ ਲਈ ਚਾਈਲਡ ਸੱਪੋਰਟ ਦੇ ਹੁਕਮਾਂ ਦੀ ਸਮੀਖਿਆ ਕਰਦਾ ਹੈ।
3. ਵਾਸ਼ਿੰਗਟਨ ਸਟੇਟ ਸੱਪੋਰਟ ਰਜਿਸਟ੍ਰੀ (WSSR) ਦੇ ਰਾਹੀਂ ਚਾਈਲਡ ਸੱਪੋਰਟ ਦੇ ਭੁਗਤਾਨ ਪ੍ਰਾਪਤ ਕਰਦਾ ਹੈ, ਰਿਕਾਰਡ ਕਰਦਾ ਹੈ ਅਤੇ ਵੰਡਦਾ ਹੈ।

### ਗੈਰ-ਨਿਗਰਾਨ ਮਾਤਾ/ਪਿਤਾ

ਤੁਸੀਂ ਇੱਕ ਗੈਰ-ਨਿਗਰਾਨ ਮਾਤਾ/ਪਿਤਾ ਹੋ। ਗੈਰ-ਨਿਗਰਾਨ ਮਾਤਾ/ਪਿਤਾ ਇੱਕ ਕੁਦਰਤੀ ਪਿਤਾ, ਜਾਂ ਮਾਨਤਾ-ਪ੍ਰਾਪਤ ਗੋਦ ਲੈਣ ਵਾਲਾ ਪਿਤਾ, ਜਾਂ ਨਿਆਂ ਦੁਆਰਾ ਨਿਰਧਾਰਤ ਪਿਤਾ, ਕੁਦਰਤੀ ਮਾਤਾ, ਨਿਆਂ ਦੁਆਰਾ ਨਿਰਧਾਰਤ ਜਾਂ ਗੋਦ ਲੈਣੀ ਮਾਤਾ ਹੈ ਜਿਸਦੇ ਲਈ ਆਪਣੇ ਆਸ਼ਰਤ ਬੱਚਿਆਂ ਲਈ ਮਾਲੀ ਸੱਪੋਰਟ ਦੇਣਾ ਲਾਜ਼ਮੀ ਹੈ। ਇਹ ਜ਼ਿੰਮੇਵਾਰੀ ਸਟੇਟ ਅਤੇ ਫੈਡਰਲ ਕਾਨੂੰਨ ਲਗਾਉਂਦੇ ਹਨ।

### ਚਾਈਲਡ ਸੱਪੋਰਟ ਦੇ ਭੁਗਤਾਨ

ਆਮ ਤੌਰ ਤੇ ਤੁਹਾਨੂੰ ਚਾਈਲਡ ਸੱਪੋਰਟ ਦਾ ਭੁਗਤਾਨ ਕਰਨਾ ਪਵੇਗਾ। DCS ਤੁਹਾਨੂੰ ਚਾਈਲਡ ਸੱਪੋਰਟ ਦੇ ਭੁਗਤਾਨ ਲਈ ਲੋੜੀਂਦਾ ਨੋਟਿਸ ਤੁਹਾਨੂੰ ਤਾਮੀਲ ਕਰਨ ਤੋਂ ਬਾਅਦ, DCS WSSR, ਕਬਾਇਲੀ ਅਦਾਲਤ ਜਾਂ ਚਾਈਲਡ ਸਪੋਰਟ ਏਜੰਸੀ ਜਾਂ ਕਿਸੇ ਹੋਰ ਸਟੇਟ ਦੀ ਅਦਾਲਤ ਜਾਂ ਚਾਈਲਡ ਸੱਪੋਰਟ ਏਜੰਸੀ ਦੀ ਬਜਾਇ ਕਿਸੇ ਹੋਰ ਲਈ ਭੇਜੇ ਗਏ ਭੁਗਤਾਨਾਂ ਨੂੰ ਤੁਹਾਡੇ ਖਾਤੇ ਵਿਚ **ਜਮ੍ਹਾ ਨਹੀਂ ਕਰੇਗਾ**। DCS ਸਪੋਰਟ ਆੱਰਡਰ ਲਈ ਕਿਸੇ ਹੋਰ ਪਾਰਟੀ ਨੂੰ ਪੈਸੇ ਦੇ ਸਿੱਧੇ ਭੁਗਤਾਨ ਲਈ ਤੁਹਾਡੇ ਖਾਤੇ ਵਿਚ ਪੈਸੇ ਜਮ੍ਹਾ ਨਹੀਂ ਕਰੇਗਾ, ਜਦ ਤੱਕ ਕਿ ਇਸ ਪੈਸੇ ਦਾ ਭੁਗਤਾਨ ਸੋਸ਼ਲ ਸੁਰੱਖਿਆ ਪ੍ਰਸ਼ਾਸਨ, ਕਿਰਤ ਅਤੇ ਸਨਅੱਤਾਂ ਬਾਰੇ ਮਹਿਕਮੇ ਜਾਂ ਬਾਲ ਸਹਾਇਤਾ ਕਰਜ਼ੇ ਦੇ ਉਦੇਸ਼ਾਂ ਲਈ ਵੈਟਰਨ ਮਾਮਲਿਆਂ ਬਾਰੇ ਮਹਿਕਮੇ ਵਰਗੇ ਸੁਤੰਤਰ ਲਾਭ ਲਈ ਇੱਕ ਏਜੰਸੀ ਵਲੋਂ ਨਹੀਂ ਕੀਤਾ ਗਿਆ ਸੀ।

1. ਜੇ ਕੋਈ ਦੂਜੀ ਸਟੇਟ ਜਾਂ ਕਬੀਲੇ ਦੀ ਚਾਈਲਡ ਸੱਪੋਰਟ ਏਜੰਸੀ ਜਾਂ ਸਟੇਟ ਦੀ ਜਾਂ ਕਬੀਲੇ ਦੀ ਅਦਾਲਤ ਤੁਹਾਨੂੰ ਚਾਈਲਡ ਸੱਪੋਰਟ ਭੁਗਤਾਨ ਉਹਨਾਂ ਨੂੰ ਕਰਨ ਲਈ ਆਖਦੇ ਹਨ, ਤਾਂ ਇਸ ਬਾਰੇ ਫੌਰਨ DCS ਨੂੰ ਇਤਲਾਹ ਕਰੋ।
2. ਹੇਠਾਂ ਦਿੱਤੇ WSSR ਦੇ ਪਤੇ ਦੇ ਇਲਾਵਾ ਕਿਸੇ ਹੋਰ ਨੂੰ ਭੁਗਤਾਨ ਨਾ ਭੇਜੋ ਜਦ ਤਕ DCS ਤੁਹਾਨੂੰ ਲਿਖਤੀ ਵਿਚ ਨਾ ਦੱਸ ਦੇਵੇ ਕਿ ਅਸੀਂ ਤੁਹਾਡਾ ਮਾਮਲਾ ਬੰਦ ਕਰ ਦਿੱਤਾ ਹੈ।

ਸੱਪੋਰਟ ਦੇ ਸਾਰੇ ਭੁਗਤਾਨ ਤੁਸੀਂ ਵਾਸ਼ਿੰਗਟਨ ਸਟੇਟ ਸੱਪੋਰਟ ਰਜਿਸਟ੍ਰੀ (WSSR) ਨੂੰ ਕਰਨੇ ਹਨ। ਤੁਸੀਂ ਭੁਗਤਾਨ ਹੇਠਲੇ ਕਿਸੇ ਵੀ ਤਰੀਕੇ ਨਾਲ ਕਰ ਸਕਦੇ ਹੋ:

1. ਤਨਖਾਹ 'ਚੋਂ ਕਟੌਤੀ: ਜ਼ਿਆਦਾਤਰ ਸੱਪੋਰਟ ਆਰਡਰ DCS ਨੂੰ ਤਨਖਾਹ 'ਚੋਂ ਕਟੌਤੀ ਰਾਹੀਂ ਉਗਰਾਹੀ ਕਰਨ ਜਾਂ WSSR ਰਾਹੀਂ ਭੁਗਤਾਨ ਕਰਨ ਦੀ ਮੰਗ ਕਰਨ ਦੀ ਇਜਾਜ਼ਤ ਦੇਂਦੇ ਹਨ। ਜੇ ਤੁਹਾਡਾ ਆਰਡਰ DCS ਨੂੰ ਅਜੇਹਾ ਕਰਨ ਦੀ ਇਜਾਜ਼ਤ ਦੇਂਦਾ ਹੈ ਤਾਂ DCS ਤਨਖਾਹ 'ਚੋ ਕਟੌਤੀ ਰਾਹੀਂ ਸੱਪੋਰਟ ਦੀ ਉਗਰਾਹੀ ਕਰਨ ਦੀ ਕੋਸ਼ਿਸ਼ ਕਰੇਗਾ।
2. ਨਿੱਜੀ ਚੈਕ, ਮਨੀਆਰਡਰ, ਸਰਟੀਫਾਈਡ ਚੈਕ ਜਾਂ ਕੈਸ਼ੀਅਰ ਚੈਕ: ਸਾਰੇ ਚੈਕ ਅਤੇ ਮਨੀਆਰਡਰ ਇਸ ਪਤੇ ਤੇ ਭੇਜੋ:

   WASHINGTON STATE SUPPORT REGISTRY
   PO BOX 45868
   OLYMPIA WA 98504-5868
3. ਇਲੈਕਟ੍ਰਾਨਿਕ ਫੰਡ ਟ੍ਰਾਂਸਫਰ (EFT): EFT ਨਾਲ ਹਰ ਮਹੀਨੇ ਕਿਸੇ ਵੀ ਚੈਕਿੰਗ ਜਾਂ ਬਚਤ ਖਾਤੇ 'ਚੋਂ ਸੱਪੋਰਟ ਭੁਗਤਾਨ ਆਪਣੇ ਆਪ ਕੱਟੇ ਜਾਣਗੇ। ਹੋਰ ਜਾਣਕਾਰੀ ਲਈ 800-468-7422 ਨੰਬਰ ਤੇ ਫੋਨ ਕਰੋ।
4. ਇੰਟਰਨੈਟ: ਇੰਟਰਨੈਟ ਭੁਗਤਾਨ ਨਾਲ ਸੱਪੋਰਟ ਭੁਗਤਾਨ ਕਿਸੇ ਵੀ ਚੈਕਿੰਗ ਜਾਂ ਬਚਤ ਖਾਤੇ 'ਚੋਂ ਕੀਤੇ ਜਾ ਸਕਦੇ ਹਨ। ਹੋਰ ਜਾਣਕਾਰੀ ਲਈ DCS ਦੀ ਵੈਬਸਾਈਟ https://secureaccess.wa.govਵੇਖੋ।
5. ਕ੍ਰੈਡਿਟ ਜਾਂ ਡੈਬਿਟ ਕਾਰਡ: ਹੋਰ ਜਾਣਕਾਰੀ ਲਈ DCS ਦੀ ਵੈਬਸਾਈਟ https://www. dshs.wa.gov/esa/division-child- support/creditdebit-card-paymentsਵੇਖੋ।

ਜੇ ਖਾਤੇ ਵਿਚ ਘੱਟ ਪੈਸਿਆਂ ਕਾਰਨ ਤੁਹਾਡਾ ਬੈਂਕ ਕੋਈ ਚੈਕ ਵਾਪਸ ਕਰ ਦੇਂਦਾ ਹੈ ਜਾਂ EFT ਜਾਂ ਇੰਟਰਨੈਟ ਭੁਗਤਾਨ ਨੂੰ ਮਨ੍ਹਾ ਕਰ ਦੇਂਦਾ ਹੈ ਤਾਂ ਭਵਿੱਖ ਵਿਚ DCS ਤੁਹਾਡੇ ਕੋਲੋਂ ਭੁਗਤਾਨ ਸਿਰਫ ਨਕਦੀ, ਮਨੀਆਰਡਰ, ਕੈਸ਼ੀਅਰ ਚੈਕ ਜਾਂ ਤਨਖਾਹ 'ਚੋਂ ਕਟੌਤੀ ਰਾਹੀਂ ਹੀ ਸਵੀਕਾਰ ਕਰੇਗਾ।

ਆਪਣੇ ਸਾਰੇ ਭੁਗਤਾਨਾਂ ਅਤੇ ਪੱਤਰਾਂ ਵਿਚ ਆਪਣਾ ਖਾਤਾ ਨੰਬਰ **IN__________** ਜ਼ਰੂਰ ਸ਼ਾਮਲ ਕਰੋ।

ਜੇ ਆਪਣੇ ਬੱਚੇ ਨੂੰ ਮਾਲੀ ਸਹਾਇਤਾ ਨਾ ਦੇਣ ਦੇ ਤੁਹਾਡੇ ਕੋਈ ਕਾਨੂੰਨੀ ਕਾਰਨ ਹਨ ਜਾਂ ਜੇ DCS ਨੇ ਗਲਤੀ ਨਾਲ ਤੁਹਾਨੂੰ ਇਸ ਪ੍ਰਕਿਰਿਆ ਵਿਚ ਸ਼ਾਮਲ ਕਰ ਲਿਆ ਹੈ ਤਾਂ DCS ਨੂੰ ਫੌਰਨ ਸੂਚਨਾ ਦਿਉ।

ਜੇ DCS ਤੁਹਾਨੂੰ ਦੱਸਦਾ ਹੈ ਕਿ ਅਸੀਂ ਤੁਹਾਡੇ ਸਹਾਇਤਾ ਕਰਜ਼ੇ ਨੂੰ ਇਕੱਠਾ ਕਰਨ ਦਾ ਕੰਮ ਮੁਅੱਤਲ ਕਰ ਦਿੰਦੇ ਹਾਂ, ਤਾਂ ਭਵਿੱਖ ਵਿਚ ਤੁਹਾਡਾ ਕਰਜ਼ਾ ਅਦਾਇਗੀਯੋਗ ਬਣ ਸਕਦਾ ਹੈ। ਇਹ ਕਾਰਵਾਈ ਕਰਨ ਤੋਂ ਪਹਿਲਾਂ DCS ਤੁਹਾਨੂੰ ਦੱਸੇਗਾ।

ਜੇ ਤੁਸੀਂ ਛੇ ਮਹੀਨਿਆਂ ਤੋਂ ਵੱਧ ਸਮੇਂ ਤੋਂ ਜੇਲ੍ਹ, ਕੈਦ ਜਾਂ ਸੁਧਾਰ-ਘਰ ਵਿੱਚ ਬੰਦ ਹੋ ਜਾਂ ਸਜ਼ਾ ਹੋਈ ਹੈ, ਤਾਂ ਤੁਹਾਡੇ ਬਾਲ ਸਹਾਇਤਾ ਆਦੇਸ਼ ਨੂੰ ਹਰ ਬਾਲ ਸਹਾਇਤਾ ਆਦੇਸ਼ ਲਈ ਹਰ ਮਹੀਨੇ $10 ਆਰਜ਼ੀ ਤੌਰ 'ਤੇ ਘਟਾਇਆ (ਕਟੌਤੀ) ਜਾ ਸਕਦਾ ਹੈ। ਤੁਸੀਂ, ਨਿਗਰਾਨ ਮਾਤਾ-ਪਿਤਾ ਜਾਂ DCS ਦੀ ਬੇਨਤੀ ਕਰ ਸਕਦਾ/ਸਕਦੀ ਹੈ। ਜੇ ਇਹ ਕਟੌਤੀ ਤੁਹਾਡੇ ਕੇਸ 'ਤੇ ਲਾਗੂ ਹੁੰਦੀ ਹੈ, ਤਾਂ DCS ਵਲੋਂ ਤੁਹਾਨੂੰ ਇੱਕ ਨੋਟੀਫ਼ਿਕੇਸ਼ਨ ਮਿਲੇਗਾ, ਜਿਸ ਵਿੱਚ ਕਟੌਤੀ ਦੀਆਂ ਸ਼ਰਤਾਂ ਅਤੇ ਜੇ ਤੁਸੀਂ ਸਹਿਮਤ ਨਹੀਂ ਹੋ, ਤਾਂ ਸੁਣਵਾਈ ਲਈ ਕਹਿਣ ਦੇ ਹਰ ਵਿਅਕਤੀ ਦੇ ਹੱਕ ਬਾਰੇ ਦੱਸਿਆ ਗਿਆ ਹੋਏਗਾ। ਤੁਹਾਡੇ ਬਰੀ ਹੋਣ ਤੋਂ ਬਾਅਦ ਚੌਥੇ ਮਹੀਨੇ ਵਿੱਚ ਸਹਾਇਤਾ ਆਦੇਸ਼ ਦੀ ਰਕਮ ਵਿੱਚ 50% ਵਾਧਾ ਕੀਤਾ ਜਾਏਗਾ ਅਤੇ ਤੁਹਾਡੇ ਰਿਹਾ ਹੋਣ ਤੋਂ ਇੱਕ ਸਾਲ ਬਾਅਦ ਫਿਰ ਤੋਂ 100% ਮੂਲ ਰਕਮ ਵਧਾਈ ਜਾਏਗੀ।

## ਮੈਡੀਕਲ ਸਹਾਇਤਾ ਲਈ ਜ਼ਿੰਮੇਵਾਰੀਆਂ

ਜੇ ਤੁਹਾਡਾ ਸੱਪੋਰਟ ਆਰਡਰ ਮੰਗ ਕਰਦਾ ਹੈ ਕਿ ਤੁਸੀਂ ਆਪਣੇ ਬੱਚੇ ਲਈ ਸਿਹਤ ਬੀਮਾ ਉਪਲਬਧ ਕਰਾਉ ਤਾਂ DCS ਤੁਹਾਡੀ ਇਸ ਜ਼ਿੰਮੇਵਾਰੀ ਦੀ ਪਾਲਣਾ ਕਰਾਉਣ ਲਈ ਕਦਮ ਚੁਕੇਗਾ। ਜੇ ਤੁਹਾਡਾ ਸੱਪੋਰਟ ਆਰਡਰ ਮੰਗ ਕਰਦਾ ਹੈ ਕਿ ਤੁਸੀਂ ਕੈਸ਼ ਮੈਡੀਕਲ ਸੱਪੋਰਟ ਦਾ ਭੁਗਤਾਨ ਕਰੋ ਤਾਂ DCS ਡਾਲਰਾਂ ਵਿਚ ਇਹ ਰਕਮ ਨਿਰਧਾਰਤ ਕਰੇਗਾ ਅਤੇ ਤੁਹਾਡੇ ਕੋਲੋਂ ਇਸ ਰਕਮ ਦੀ ਉਗਰਾਹੀ ਕਰੇਗਾ।

1. ਤੁਹਾਡੇ ਸੱਪੋਰਟ ਆਰਡਰ ਵਿਚ ਜੋ ਬੱਚੇ ਦੇ ਨਾਂ ਹਨ ਉਹਨਾਂ ਲਈ ਸਿਹਤ ਬੀਮੇ ਵਿਚ ਕਿਸੇ ਵੀ ਤਬਦੀਲੀ ਬਾਰੇ DCS ਨੂੰ ਫੌਰਨ ਇਤਲਾਹ ਦਿਉ।
2. ਕੈਸ਼ ਮੈਡੀਕਲ ਸੱਪੋਰਟ ਵਿਚ ਨਾ ਮੋੜੇ ਗਏ ਮੈਡੀਕਲ ਖਰਚੇ ਦਾ ਇੱਕ ਅਨੁਪਾਤੀ ਅੰਸ਼ ਅਤੇ ਮੈਡੀਕਲ ਪ੍ਰੀਮਿਅਮ ਸ਼ੇਅਰ (ਕੈਸ਼ ਭੁਗਤਾਨ) ਵੀ ਸ਼ਾਮਲ ਹਨ ਜੇ ਇਸਦੀ ਮੰਗ ਤੁਹਾਡਾ ਆਰਡਰ ਕਰਦਾ ਹੈ ਜਦ ਸਿਹਤ ਬੀਮਾ ਮੁਹੱਈਆ ਨਹੀਂ ਕਰਾਇਆ ਗਿਆ ਹੈ।

ਜੇ ਤੁਹਾਡਾ ਸੱਪੋਰਟ ਆਰਡਰ ਇਹ ਮੰਗ ਕਰਦਾ ਹੈ ਕਿ ਨਿਗਰਾਨ ਮਾਤਾ/ਪਿਤਾ ਸਿਹਤ ਬੀਮਾ ਮੁਹੱਈਆ ਕਰਾਏ ਜਾਂ ਬਿਨਾ ਬੀਮਾ ਵਾਲੇ ਮੈਡੀਕਲ ਖਰਚੇ ਦਾ ਭੁਗਤਾਨ ਕਰੇ ਤਾਂ ਤੁਸੀਂ ਪੂਰੀਆਂ ਚਾਈਲਡ ਸੱਪੋਰਟ ਪਾਲਣਾ ਸੇਵਾਵਾਂ ਲਈ ਅਰਜ਼ੀ ਦੇ ਸਕਦੇ ਹੋ ਅਤੇ:

1. DCS ਨੂੰ ਆਖ ਸਕਦੇ ਹੋ ਕਿ ਉਹ ਨਿਗਰਾਨ ਮਾਤਾ/ਪਿਤਾ ਦੀ ਸਿਹਤ ਬੀਮਾ ਮੁਹੱਈਆ ਕਰਾਉਣ ਦੀ ਜ਼ਿੰਮੇਵਾਰੀ ਦੀ ਪਾਲਣਾ ਕਰਵਾਏ। ਤੁਹਾਡੇ ਮਾਮਲੇ ਦੇ ਹਾਲਾਤ ਦੇ ਮੁਤਾਬਕ DCS ਇਸ ਜ਼ਿੰਮੇਵਾਰੀ ਦੀ ਪਾਲਣਾ ਕਰਵਾ ਸਕਦਾ ਹੈ।
2. DCS ਨੂੰ ਆਖ ਸਕਦੇ ਹੋ ਕਿ ਉਹ ਨਿਗਰਾਨ ਮਾਤਾ/ਪਿਤਾ ਕੋਲੋਂ ਗੈਰ-ਬੀਮਾ ਮੈਡੀਕਲ ਖਰਚੇ ਦੀ ਉਗਰਾਹੀ ਕਰੇ ਜਿਸ ਵਿਚ ਸਹਿਭੁਗਤਾਨ, ਡਿਡਕਟੀਬਲ ਅਤੇ ਪ੍ਰੀਮਿਅਮ ਸ਼ਾਮਲ ਹਨ ਜਿਨ੍ਹਾਂ ਦੀ ਪਰਿਭਾਸ਼ਾ WAC 388-14A-1020 ਵਿਚ ਦਿੱਤੀ ਗਈ ਹੈ।

ਜੇ ਤੁਹਾਡਾ ਸੱਪੋਰਟ ਆਰਡਰ ਇਸ ਗੱਲ ਦੀ ਮੰਗ ਨਹੀਂ ਕਰਦਾ ਕਿ ਨਿਗਰਾਨ ਮਾਤਾ/ਪਿਤਾ ਸਿਹਤ ਬੀਮਾ, ਮੈਡੀਕਲ ਪ੍ਰੀਮਿਅਮ ਸ਼ੇਅਰ ਮੁਹੱਈਆ ਕਰੇ ਜਾਂ ਗੈਰ-ਬੀਮਾ ਮੈਡੀਕਲ ਖਰਚੇ ਦਾ ਭੁਗਤਾਨ ਕਰੇ, ਜਿਨ੍ਹਾਂ ਦੀ ਪਰਿਭਾਸ਼ਾ WAC 388-14A-1020 ਵਿਚ ਦਿੱਤੀ ਗਈ ਹੈ, ਤਾਂ ਤੁਸੀਂ DCS ਨੂੰ ਤੁਹਾਡੇ ਆਰਡਰ ਦੀ ਸੋਧ ਲਈ ਸਮੀਖਿਆ ਕਰਨ ਲਈ ਅਰਜ਼ੀ ਦੇ ਸਕਦੇ ਹੋ ਜਾਂ ਤੁਸੀਂ ਆਪਣੇ ਆਪ ਸੋਧ ਲਈ ਪਟੀਸ਼ਨ ਦੇ ਸਕਦੇ ਹੋ।

## ਅਪੀਲਾਂ ਦੀਆਂ ਕਿਸਮਾਂ

**ਕਾਨਫਰੰਸ ਬੋਰਡ:** ਕਾਨਫਰੰਸ ਬੋਰਡ DCS ਦੀ ਇੱਕ ਪ੍ਰਸ਼ਾਸਨਿਕ (ਗੈਰ-ਅਦਾਲਤੀ) ਕਾਰਵਾਈ ਹੈ ਜਿਸਦੀ ਵਰਤੋਂ ਝਗੜੇ ਨਿਪਟਾਉਣ, ਨੀਤੀਆਂ ਸਮਝਾਉਣ ਅਤੇ ਤੱਥ ਸਪਸ਼ਟ ਕਰਨ ਲਈ ਕੀਤੀ ਜਾਂਦੀ ਹੈ।

1. ਕਾਨਫਰੰਸ ਬੋਰਡ ਅਦਾਲਤੀ ਹੁਕਮ ਵਾਲੇ ਅਤੇ ਗੈਰ-ਅਦਾਲਤੀ ਹੁਕਮ ਵਾਲੇ ਚਾਈਲਡ ਸੱਪੋਰਟ ਆਰਡਰਾਂ ਦੀ ਸਮੀਖਿਆ ਕਰ ਸਕਦਾ ਹੈ।
2. ਕਾਨਫਰੰਸ ਬੋਰਡ ਤੁਹਾਡੇ ਨਾਲ ਮਿਲੇ ਬਿਨਾ ਫੈਸਲਾ ਸੁਣਾ ਸਕਦਾ ਹੈ। ਜੇ ਤੁਹਾਡੀ ਮੀਟਿੰਗ ਹੋਵੇ ਤਾਂ ਤੁਸੀਂ DCS ਦੇ ਪ੍ਰਬੰਧਕਾਂ ਨਾਲ ਆਪਣੇ ਮਾਮਲੇ ਬਾਰੇ ਗੱਲ ਕਰ ਸਕਦੇ ਹੋ ਜੋ ਆਪਣੇ ਪੁਰਾਣੇ ਫੈਸਲਿਆਂ ਨੂੰ ਰੱਦ ਕਰ ਸਕਦੇ ਹਨ। ਕਾਨਫਰੰਸ ਬੋਰਡ ਸਾਡੇ ਸਟਾਫ ਵਲੋਂ ਲਏ ਗਏ ਕੁਝ ਫੈਸਲੇ ਬਦਲ ਸਕਦਾ ਹੈ ਪਰ ਉਹ ਕਾਨੂੰਨ ਮੁਤਾਬਕ ਲੋੜੀਂਦੀਆਂ ਕਾਰਵਾਈਆਂ ਨਹੀਂ ਬਦਲ ਸਕਦਾ। ਕਾਨਫਰੰਸ ਬੋਰਡ ਵਾਸਤੇ ਅਰਜ਼ੀ ਮਿਲਣ ਤੇ DCS ਸੱਪੋਰਟ ਆਰਡਰ ਦੇ ਦੋਨਾਂ ਪੱਖਾਂ ਨੂੰ ਇਸ ਬਾਰੇ ਦੱਸੇਗਾ। ਕਾਨਫਰੰਸ ਬੋਰਡ ਵਿਚ ਦੋਨੋ ਪੱਖ ਹਿੱਸਾ ਲੈ ਸਕਦੇ ਹਨ।

**ਨਿਆਂ-ਨਿਰਣੇ (ਐਜੂਡੀਕੇਸ਼ਨ) ਦੀ ਕਾਰਵਾਈ (ਸੁਣਵਾਈ):** ਸੁਣਵਾਈ ਵੀ ਇੱਕ ਪ੍ਰਸ਼ਾਸਨਿਕ (ਗੈਰ-ਅਦਾਲਤੀ) ਕਾਰਵਾਈ ਹੈ। ਸੁਣਵਾਈ ਕਾਨਫਰੰਸ ਬੋਰਡ ਨਾਲੋਂ ਜ਼ਿਆਦਾ ਉਪਚਾਰਕ ਪਰ ਅਦਾਲਤੀ ਕਾਰਵਾਈ ਨਾਲੋਂ ਘੱਟ ਉਪਚਾਰਕ ਹੈ।

1. ਸਟੇਟ ਦਾ ਕਾਨੂੰਨ ਸਿਰਫ ਕੁਝ ਹਾਲਾਤ ਵਿਚ ਸੁਣਵਾਈ ਦੀ ਇਜਾਜ਼ਤ ਦੇਂਦਾ ਹੈ। ਜੇ DCS ਤੁਹਾਨੂੰ ਕੋਈ ਨੋਟਿਸ ਦੇਂਦਾ ਹੈ ਤਾਂ ਨੋਟਿਸ ਤੁਹਾਨੂੰ ਦੱਸਦਾ ਹੈ ਕਿ ਤੁਹਾਡੇ ਕੋਲ ਸੁਣਵਾਈ ਦਾ ਹੱਕ ਹੈ ਜਾਂ ਨਹੀਂ। ਸੁਣਵਾਈ ਦੀ ਪ੍ਰਧਾਨਗੀ ਇੱਕ ਪ੍ਰਸ਼ਾਸਨਿਕ ਕਾਨੂੰਨ ਜੱਜ (ALJ) ਕਰਦਾ ਹੈ। ਇਹ ਜੱਜ DCS ਦੇ ਕਰਮਚਾਰੀ ਨਹੀਂ ਹੁੰਦੇ.
2. ਸੁਣਵਾਈ ਵਿਚ ਇੱਕ ALJ ਤੁਹਾਡੇ ਮਾਮਲੇ ਦੀ ਸਮੀਖਿਆ ਕਰਦਾ ਹੈ ਅਤੇ ਤੁਹਾਡੇ ਵਿਵਾਦ ਉੱਪਰ ਆਪਣਾ ਫੈਸਲਾ ਸੁਣਾਉਂਦਾ ਹੈ। DCS ਨੂੰ ਤੁਹਾਡੇ ਚਾਈਲਡ ਸੱਪੋਰਟ ਆਰਡਰ ਦੀ ਪਾਲਣਾ ਕਰਨ ਤੋਂ ਰੋਕਣ ਲਈ ਜ਼ਰੂਰੀ ਹੈ ਕਿ ਤੁਸੀਂ ਸੁਣਵਾਈ ਦੀ ਮੰਗ ਨੋਟਿਸ ਮਿਲਣ ਦੇ ਬਾਅਦ 20 ਦਿਨ ਦੇ ਅੰਦਰ (ਜੇ ਤੁਹਾਨੂੰ ਨੋਟਿਸ ਵਾਸ਼ਿੰਗਟਨ ਸਟੇਟ ਦੇ ਅੰਦਰ ਮਿਲਦਾ ਹੈ) ਜਾਂ 60 ਦਿਨਾਂ ਦੇ ਅੰਦਰ (ਜੇ ਤੁਹਾਨੂੰ ਨੋਟਿਸ ਵਾਸ਼ਿੰਗਟਨ ਸਟੇਟ ਦੇ ਬਾਹਰ ਮਿਲਦਾ ਹੈ) ਕਰੋ।
   a. ਤੁਸੀਂ ਸੁਣਵਾਈ ਦੀ ਮੰਗ 20 ਜਾਂ 60 ਦਿਨ ਦੀ ਸੀਮਾ ਦੇ ਬਾਅਦ ਕਰ ਸਕਦੇ ਹੋ। ਪਰ ਜਦ ਤਕ ਸਾਨੂੰ ਸੁਣਵਾਈ ਦਾ ਫੈਸਲਾ ਮਿਲਦਾ ਹੈ DCS ਤੁਹਾਡੇ ਸੱਪੋਰਟ ਆਰਡਰ ਦੀ ਪਾਲਣਾ ਕਰੇਗਾ। ਸੁਣਵਾਈ ਦੇ ਫੈਸਲੇ ਦੌਰਾਨ ਉਗਰਾਹੇ ਗਏ ਪੈਸੇ DCS ਵਾਪਸ ਨਹੀਂ ਕਰੇਗਾ।
   b. ਜੇ ਤੁਸੀਂ ਆਪਣੇ ਨੋਟਿਸ ਮਿਲਣ ਦੇ ਇੱਕ ਸਾਲ ਤੋਂ ਵੱਧ ਬਾਅਦ ਸੁਣਵਾਈ ਦੀ ਮੰਗ ਕਰਦੇ ਹੋ ਤਾਂ ਤੁਹਾਨੂੰ ਇਸਦੇ ਲਈ ਕੋਈ ਚੰਗਾ ਕਾਰਨ (ਦੇਰੀ ਨਾਲ ਬੇਨਤੀ ਕਰਨ ਦਾ ਕਾਰਨ) ਦੇਣਾ ਪਵੇਗਾ। ALJ ਤੁਹਾਡੀ ਦੇਰ ਨਾਲ ਮਿਲੀ ਬੇਨਤੀ ਨੂੰ ਨਾਮਨਜ਼ੂਰ ਕਰ ਸਕਦਾ ਹੈ। ਪਰ ਜੇ ਤੁਹਾਡੇ ਕੋਲ ਸੁਣਵਾਈ ਲਈ ਦੇਰੀ ਨਾਲ ਬੇਨਤੀ ਕਰਨ ਦਾ ਕੋਈ ਚੰਗਾ ਕਾਰਨ ਨਹੀਂ ਹੈ ਤਾਂ ਵੀ ਚਾਈਲਡ ਸੱਪੋਰਟ ਦੀਆਂ ਭਵਿੱਖ ਵਿਚ ਜ਼ਿੰਮੇਵਾਰੀਆਂ ਦੀ ਸੋਧ ਦਾ ਹੱਕ ਤੁਹਾਡੇ ਕੋਲ ਹੋ ਸਕਦਾ ਹੈ।
3. ਤੁਹਾਨੂੰ ALJ ਦੇ ਫੈਸਲੇ ਦੀ ਕਾਪੀ ਭੇਜੀ ਜਾਏਗੀ। ALJ ਦੇ ਫੈਸਲੇ ਵਿਚ ਅਪੀਲ ਕਰਨ ਦੇ ਤੁਹਾਡੇ ਹੱਕ ਬਾਰੇ ਜਾਣਕਾਰੀ ਹੋਵੇਗੀ।
4. ਜੇ ਵਾਜਬ ਹੋਵੇ, ਸੁਣਵਾਈ ਲਈ ਤੁਹਾਡੀ ਬੇਨਤੀ ਮਿਲਣ ਤੇ DCS ਤੁਹਾਡੇ ਸੱਪੋਰਟ ਆਰਡਰ ਦੇ ਦੋਨਾਂ ਪੱਖਾਂ ਨੂੰ ਇਸਦੇ ਬਾਰੇ ਦੱਸੇਗਾ। ਸੁਣਵਾਈ ਵਿਚ ਦੋਨੋ ਪੱਖ ਹਿੱਸਾ ਲੈ ਸਕਦੇ ਹਨ।

ਜੇ ਤੁਹਾਡੇ ਮਨ ਵਿਚ ਸਵਾਲ ਹਨ:

DIVISION OF CHILD SUPPORT
PO BOX 11520
TACOMA WA 98411-5520

________________________________ ਦੇ ਅੰਦਰ, ਕਾਲਿੰਗ ਏਰੀਆ ______________________

________________________________ ਦੇ ਬਾਹਰ, ਕਾਲਿੰਗ ਏਰੀਆ ______________________

ਬੋਲਣ ਜਾਂ ਸੁਣਨ ਵਿਚ ਕਠਨਾਈ ਵਾਲੇ ਲੋਕਾਂ ਲਈ TTY/TDD ਸੇਵਾਵਾਂ ਉਪਲਬਧ ਹਨ।

ਸਾਡੀ ਵੈਬਸਾਈਟ ਵੇਖੋ: www.dshs.wa.gov/esa/division-child-support

**ਨਸਲ, ਰੰਗ, ਮੂਲ ਦੇਸ਼, ਮਤ, ਧਰਮ, ਲਿੰਗ, ਉਮਰ ਜਾਂ ਅਸਮਰੱਥਾ ਦੇ ਕਾਰਨ ਕਿਸੇ ਵੀ ਵਿਅਕਤੀ ਨਾਲ ਰੁਜ਼ਗਾਰ, ਸੇਵਾਵਾਂ ਜਾਂ ਪ੍ਰੋਗਰਾਮ ਦੇ ਕਿਸੇ ਪੱਖ ਵਿਚ ਵਿਤਕਰਾ ਨਹੀਂ ਕੀਤਾ ਜਾਵੇਗਾ। ਬੇਨਤੀ ਕਰਨ ਤੇ ਇਹ ਫਾਰਮ ਦੂਜੇ ਰੂਪਾਂ ਵਿਚ ਮਿਲ ਸਕਦਾ ਹੈ।**